# ਜਾਣਕਾਰੀ – ਉਨਾਂ ਮਰੀਜਾ ਲਈ ਜੋ ਕੋਰੋਨਾਵਾਇਰਸ (COVID-19) ਦੇ ਕਾਰਨ ਹਸਪਤਾਲਾਂ ਵਿੱਚ ਦਾਖਲ ਹਨ।

COBID -19 ਨਾਲ ਆਪ ਥੋੜੀ ਤੋਂ ਗੰਭੀਰ ਵੀਮਾਰੀ ਦੇ ਸ਼ਿਕਾਰ ਬਣ ਸਕਦੇ ਹੋਂ।

ਆਪ ਜੀ ਨੂੰ ਕੋਰੋਨਾਵਾਇਰਸ ਦੇ ਮਰੀਜ ਹੋਣ ਕਾਰਨ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਹੈ ਤਾ ਜੋ ਅਸੀਂ ਤੁਹਾਡੇ ਸਾਹ ਦੀ ਨਿਗਰਾਨੀ ਕਰ ਸਕੀਏ। ਸ਼ਾਇਦ ਤੁਹਾਡੇ ਸਾਹ ਨੂੰ ਓਕਸੀਜਨ ਜਾਂ ਕਈ ਵਾਰ ਵੈਂਟੀਲੇਟਰ (ਨਕਲੀ ਸਾਹ) ਨਾਲ ਸਹਾਇਤਾ ਦੀ ਲੋੜ ਹੋ ਸਕਦੀ ਹੈ। ਅਸੀਂ ਤੁਹਾਡੀ ਸੇਹਤ ਦੀ ਹੋਰ ਕੋਈ ਲੋੜ ਦੀ ਵੀ ਮਦਦ ਕਰ ਸਕਦੇ ਹਾਂ।

ਇਹ ਪਰਚਾ ਆਪ ਜੀ ਨੂੰ ਜਾਣਕਾਰੀ ਦੇਵੇਗਾ ਕਿ ਤੁਹਾਡੇ ਵਾਸਤੇ ਕੀ ਇਲਾਜ ਅਤੇ ਕੀ ਸਹਾਇਤਾ ਮਿਲੇਗੀ।

## ਮੇਨੂੰ ਕਿਸ ਤਰਾਂ ਦਾ ਇਲਾਜ ਮਿਲੇਗਾ ?

ਵੀਮਾਰੀ ਦੇ ਇਲਾਜ ਕਰਦੇ ਸਮੇਂ ਨਾਲ ਇਹ ਬਹੁਤ ਹੀ ਜਰੂਰੀ ਹੈ ਕਿ ਅਸੀਂ ਮਰੀਜ ਦੀ ਚਿੰਤਾ/ ਫਿਕਰ ਨੂੰ ਘੱਟ ਕੀਤਾ ਜਾਵੇ. ਇਸ ਦੀ ਕਾਮਜਾਬੀ ਹੁੰਦੀ ਹੈ ਮਰੀਜ ਦੀ ਵੀਮਾਰੀ ਦੇ ਕਾਰਨਾ ਦਾ ਇਲਾਜ ਕਰਦੇ;

- ਸਾਹ ਲੈਣ ਦੀ ਔਖਾਈ – ਵਾਸਤੇ ਮਰੀਜ ਨੂੰ ਸਮਯਾਇਆ ਜਾਂਦਾ ਹੈ ਕਿ ਸ਼ਾਂਤਿ ਮੰਨਿ ਅਤੇ ਆਰਾਮ ਨਾਲ ਸੁਆਸ ਲੈਣ ਵਿੱਚ ਸਹਾਇਤਾ ਮਿਲਦੀ ਹੈ, ਪਰ ਅਗਰ ਸਾਹ ਚੁੜਦਾ ਹਾਲਾਤ ਵਿਗੜਦੇ ਦਿਸਣ ਤਾਂ ਦਵਾਈਆਂ ਦਾ ਪਰਜੋਗ ਵੀ ਕਰਦੇ ਹਾਂ, ਇਸ ਸਮੇਂ ਮੋਰਫੀਨ ਦਵਾਈ ਆਮ ਵਰਤੀ ਜਾਂਦੀ ਹੈ। ਮੋਰਫੀਨ ਮਰੀਜ ਨੂੰ ਸ਼ਾਂਤ ਕਰਦਾ ਹੈ।
- ਖੰਘ – ਮੋਰਫੀਨ ਖੰਘ ਵਾਸਤੇ ਵੀ ਲਾਭਦਾਇਕ ਹੈ।
- ਚਿੰਤਾ / ਫਿਕਰ – ਮਰੀਜ ਵਾਸਤੇ ਆਮ ਗਲ ਹੈ; ਉਸ ਦੇ ਇਲਾਜ ਵਾਸਤੇ ਜੋ ਆਮ ਦਵਾਈਆਂ ਵਰਤੀਆਂ ਜਾਦੀਆਂ ਹਨ ਉਹ ਹਨ 'ਲੋਰਾਯੀਪਾਮ' ਅਤੇ 'ਮੀਡਾਯੋਲਾਮ'.
- ਵੇਚੈਂਨੀ – ਅਗਰ ਮਰੀਜ ਨੂੰ ਬੁਖ਼ਾਰ ਹੋਂ ਜਾਵੇ ਤਾਂ ਮਨ ਵੇਚੈਂਨ ਹੋ ਜਾਂਦਾ ਹੈ, ਉਸ ਨੂੰ ਕਾਬੂ ਕਰਨ ਲਈ ਮਰੀਜ ਨੂੰ 'ਪੈਰਾਸਿਟੀਮੁਲ' ਵੀ ਦਿਤੀ ਜਾਂਦੀ ਹੈ।

ਮਰੀਜ ਲਈ ਹਰ ਦਵਾਈ ਦਾ ਪਰਯੋਗ ਸਮੇਂ ਅਤੇ ਲੋੜ ਅਨੂੰਸਾਰ ਕੀਤਾ ਜਾਂਦਾ ਹੈ। ਅਗਰ ਮਰੀਜ ਦਵਾਈ ਨਿਗਲਨ ਵਿੱਚ ਅਸਮਰਥ ਹੋ ਜਾਵੇ ਫਿਰ ਦਵਾਈ ਦਾ ਪਰਯੋਗ ਟੀਕੇ ਨਾਲ ਸਿੱਧਾ ਨਾੜੀ ਰਾਹੀਂ ਜਾਂ ਮਰੀਜ ਦੇ ਚਮੜੇ ਹੇਠ ਲੋੜ ਅਨੂੰਸਾਰ ਕੀਤਾ ਜਾਂਦਾ ਹੈ।

ਕਈ COBID – 19 ਦੇ ਗੰਭੀਰ ਮਰੀਜ਼ਾਂ ਦੇ ਫੇਫੜਿਆਂ ਤੇ ਅਸਰ ਨਾਲ ਆਂਮ ਤਰਾਂ ਕੰਮ ਨਹੀ ਕਰਦੇ। ਉਨਾਂ ਲਈ ਸਾਹ ਅੰਦਰ ਅਤੇ ਬਾਹਰ ਕਡਣ ਦੀ ਸਹਾਇਤਾ ਵਾਸਤੇ ਵੈਂਟੀਲੇਟਰ ਦੀ ਵੀ ਵਰਤੋਂ ਕੀਤੀ ਜਾਂਦੀ ਹੈ।ਮਰੀਜ ਨੂੰ ਵੈਂਟੀਲੇਟਰ ਦੀ ਲੋੜ ਲਗਾਤਾਰ ਕੁਝ ਦਿਨਾਂ ਵਾਸਤੇ, ਜਦ ਤਕ ਮਰੀਜ ਦੇ ਫੇਫੜੇ ਸਹੀ ਤਰਾਂ ਨਾਂ ਚਲਣ.

## ਕਿਆ ਮੈ ਫੈਸਲਾ ਕਰ ਸਕਦਾ ਹਾਂ ਕਿ ਮੇਰਾ ਇਲਾਜ ਕਿਸ ਤਰਾਂ ਹੋਵੇ?

ਤੁਹਾਨੂੰ ਡਾਕਟਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਤੁਹਾਡੇ ਲਈ ਕੀ ਮਹੱਵਪੂਰਣ ਹੈ। ਤੁਹਾਡੀ ਕੁਝ ਲੋੜ ਜਾ ਮੰਗਾਂ ਕਦੋਂ ਕੀ ਕਰਨਾ ਚਾਹੀਦਾ ਹੈ। ਉਦਾਰਹਰਣ ਦੇ ਲਈ, ਹਵਾਦਾਰੀ ਕਦੋਂ ਸ਼ੁਰੂ ਕਰਨੀ ਹੈ, ਦਿੱਲ ਚਾਲੂ ਕਰਨਾ ਹੈ ਜਾਂ ਨਹੀਂ ਅਗਰ ਰੁਕ ਜਾਂਦਾ ਹੈ। ਡਾਕਟਰ ਤੁਹਾਡੀ ਮੈਡੀਕਲ ਸਥਿਤੀ ਦੇ ਨਾਲ ਤੁਹਾਡੇ ਵਿਚਾਰਾਂ ਨੂੰ ਮੁਖ ਰਖਦੇ ਫੈਸਲਾ ਲੈਣਗੇ।ਕਈ ਵਾਰ ਮੈਡੀਕਲ ਟੀਮ ਅਤੇ ਡਾਕਟਰਾਂ ਨੂੰ ਔਖੇ ਅਤੇ ਜਲਦ ਵਿੱਚ ਫੈਸਲੇ ਲੈਣੇ ਪੈਂਦੇ ਹਨ ਜਦੋਂ ਆਪ ਜੀ ਦੀ ਤਬੀਅਤ ਦੇ ਲਛਣ ਬਿਗੜਦੇ ਦਿਸਣ।ਇਸ ਲਈ ਇਹ ਬਹੁਤ ਜਰੂਰੀ ਹੈ ਕਿ ਆਪ ਮੈਡੀਕਲ ਟੀਮ ਨੂੰ ਸਾਫ ਦਸੋ ਕਿ ਆਪ ਜੀ ਕੀ ਚਾਹੁੰਦੇ ਹੋ।ਅਗਰ ਆਪ ਜੀ ਅਨਿਸ਼ਚਿਤ ਨਹੀ ਹੋ, ਤਾਂ ਕਿਰਪਾ ਕਰਕੇ ਕਿਸੇ ਇਕ ਮੈਡੀਕਲ ਟੀਮ ਦੇ ਮੈਂਬਰ ਨਾਲ ਵੀਚਾਰ ਕਰੋ।

## ਮੈਂ ਉਨਾਂ ਨਾਲ ਕਿਸ ਤਰਾਂ ਸੰਪ੍ਰਕ ਕਰ ਸਕਦਾਂ ਹਾਂ ਜੋ ਮੇਰੇ ਲਈ ਬਹੁਤ ਜਰੂਰੀ ਹਨ?

ਦੋਨੋਂ ਹਸਪਤਾਲ ਦੇ ਅੰਦਰ ਅਤੇ ਬਾਹਰ ਸਖਤ ਨਿਯਮ ਇਕ ਦੂਜੇ ਤੋਂ ਅਲੱਗ ਰਹਿਣ ਲਈ ਲਾਗੂ ਹਨ, ਇਸਦਾ ਮਤਲਬ ਹੈ ਕਿ ਤੁਹਾਨੂੰ ਮਿਲਣ ਦੀ ਇਜਾਜ਼ਤ ਵੀ ਨਾ ਮਿਲੇ।ਜੇ ਹਸਪਤਾਲ ਦਾ ਦੌਰਾ ਕਰਨਾ ਹੈ, ਤਾਂ ਤੁਹਾਨੂੰ ਨਿੱਜੀ ਸੁਰੱਖਿਆ ਉਪਕਰਣ ਪਹਿਨਣੇ ਪੈਣਗੇ (ਇਹ ਪੀ.ਪੀ.ਈ. ਫੇਸ ਮਾਸਕ ਆਦਿ ਦੇ ਤੌਰ ਤੇ ਜਾਣਿਆ ਜਾਂਦਾ ਹੈ)। ਜਿਥੇ ਵੀ ਸੰਭਵ ਹੋਵੇ, ਵਾਰਡ ਸਟਾਫ ਟੈਲੀਫੋਨ ਜਾਂ ਵੀਡੀਓ ਰਾਹੀਂ ਗੱਲਬਾਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਅਗਰ ਆਪ ਚਹੁੰਦੇ ਹੋ, ਕਿਰਪਾ ਕਰਕੇ ਆਪ ਵਾਰਡ ਸਟਾਫ ਨੂੰ ਕੋਈ ਖਾਸ ਵਿਅਕਤੀ ਦੀ ਜਾਣਕਾਰੀ ਜਰੂਰ ਦਿਓਂ ਜਿਸ ਨੂੰ ਉਹ ਆਪ ਜੀ ਦੀ ਸੇਹਤ ਦੇ ਹਾਲਾਤ ਵਾਰੇ ਸੂਚਿਤ ਕਰ ਸਕਦੇ ਹਨ।

EUROPEAN LUNG FOUNDATION

EUROPEAN RESPIRATORY SOCIETY

ਇਹ ਜਾਣਕਾਰੀ ਪਰਚਾ ਡਾਕਟਰ ਸਬਰੀਨਾਂ ਬਾਜਵ੍ਹਾ (ਸਿਸਲੀ ਸੋਂਡਰਸ ਇਨਸਟੀਚੂਟ, ਕਿਗੰਸ ਕਾਲਿਜ ਲੰਡਨ) ਨੇ, ਕੋ-ਓਥਰਸ ਅਤੇ ਮਰੀਜ/ ਦੇਖ-ਭਾਲ ਗਰੂਪਸ ਦੇ ਨਾਲ ਈ.ਰ.ਜੇ. ਐਡੀਟੋਰੀਅਲ "ਕੋਰੋਨਾਵਾਇਰਸ (ਛੌਂੜੀਧ-੧੯) ਦੇ ਮਰੀਜਾਂ ਦੀ ਸਹਾਇਤਾ ਅਤੇ ਦੇਖ-ਭਾਲ ਮੇਨੇਜਿੰਗ ਸਨਸਥਾ)" ਦੀ ਸਹਾਇਤਾ ਨਾਲ ਤਿਆਰ ਕੀਤਾ। ਜ਼ਿਕਰ ਯੋਗ ਹਨ;

Bajwah S, Wilcock A, Towers R, Costantini M, Bausewein C, Simon ST, Bendstrup E, Prentice W, Johnson MJ, Currow DC, Kreuter M, Wells AU, Birring SS, Edmonds P, Higginson IJ (2020). Managing the supportive care needs of those affected by COVID-19. ERJ: doi (10.1183/13993003.00815-2020)

**Produced in April 2020**

## ਕਿਆ ਮੈਨੂੰ ਹੋਰ ਸੇਵਾਵਾਂ/ ਸਹੂਲਤਾਂ ਮਿੱਲ ਸਕਦੀਆਂ ਹਨ

ਅਸੀਂ ਜਾਣਦੇ ਹਾਂ ਕਿ ਇਹ ਮੁਸ਼ਕਲ ਘੜੀ ਹੈ। ਅਗਰ ਆਪ ਕਿਸੇ ਨਾਲ ਗਲ ਬਾਤ ਕਰਨੀ ਚਾਹੁੰਦੇ ਹੋ ਕਿ ਆਪ ਕਿਸ ਤਰਾਂ ਮਹਿਸੂਸ ਕਰ ਰਹੇ ਹੋ ਤਾਂ ਕਿਰਪਾ ਕਰਕੇ ਕਿਸੇ ਵਾਰਡ ਅਮਲੇ ਦੇ ਮੈਂਬਰ ਨਾਲ ਸਮਪ੍ਰਕ ਕਰੋ ਜਾਂ ਕਿਸੇ ਵੀ ਹੇਠ ਲਿਖੇ ਸਹਾਇਤਾ ਸਰਵਿਸਸ ਨਾਲ ਸਮਪ੍ਰਕ ਕਰੋ ਜੋ ਆਪ ਜੀ ਲਈ ਕਾਇਮ ਕੀਤੇ ਗਏ ਹਨ।